vicroads

SEPTEMBER 2008

# ਕੀ ਤੁਸੀਂ ਗੱਡੀ ਚਲਾਉਂਣ ਦੀ ਨਵੀਂ ਪ੍ਰੀਖਿਆ ਲਈ ਤਿਆਰ ਹੋ?

ਵਿਕਟੋਰੀਆ ਦੀ ਗੱਡੀ ਚਲਾਉਂਣ ਦੀ ਨਵੀਂ ਪ੍ਰੀਖਿਆ ਸੁਰੱਖਿਅਤ ਗੱਡੀ ਚਲਾਉਂਣ ਦੇ ਵਤੀਰੇ, ਜਿਸ ਦੀ ਸਿਖਿਆਰਥੀ ਚਾਲਕਾਂ ਤੋਂ ਆਸ ਕੀਤੀ ਜਾਂਦੀ ਹੈ ਜਿਨ੍ਹਾਂ ਨੇ ਗੱਡੀ ਚਲਾਉਂਣ ਦੀਆਂ ਵੱਖ ਵੱਖ ਹਾਲਤਾਂ ਵਿੱਚ ਘੱਟੋ ਘੱਟ 120 ਘੰਟਿਆਂ ਦਾ ਗੱਡੀ ਚਲਾਉਂਣ ਦਾ ਤਜਰਬਾ ਲੈ ਲਿਆ ਹੋਵੇ, ਨੂੰ ਲਾਗੂ ਕਰਨ ਲਈ ਤਿਆਰ ਕੀਤੀ ਗਈ ਹੈ।

ਲਾਈਸੈਂਸ ਬਿਨੇਕਾਰ ਜਿਹੜੇ ਨਵੀਂ ਪ੍ਰੀਖਿਆ ਪਾਸ ਕਰ ਲੈਂਦੇ ਹਨ ਉਹ ਸਾਬਤ ਕਰਦੇ ਹਨ ਕਿ ਉਹ ਪ੍ਰੀਖਿਆ ਵਿੱਚ ਨਿਰੀਖਣ ਕੀਤੀਆਂ ਰੋਜ਼ਾਨਾ ਦੀਆਂ ਗੱਡੀ ਚਲਾਉਂਣ ਦੀਆਂ ਗਤੀਵਿਧੀਆਂ ਵਿੱਚ ਸੁਰੱਖਿਅਤ ਅਤੇ ਕਨੂੰਨੀ ਤੌਰ ਤੇ ਗੱਡੀ ਚਲਾ ਸਕਦੇ ਹਨ।

ਜੇ ਤੁਸੀਂ ਹੇਠਾਂ ਦਿੱਤੀ ਸੂਚੀ ਵਿੱਚੋਂ ਸਾਰੀਆਂ ਮੱਦਾਂ ਤੇ ਸਹੀ ਦਾ ਨਿਸ਼ਾਨ ਲਾ ਸਕਦੇ ਹੋ, ਤੁਸੀਂ ਪ੍ਰੀਖਿਆ ਦੇਣ ਲਈ ਤਿਆਰ ਹੋ। ਇਹ ਸੂਚੀ ਸਿਰਫ ਸੇਧ ਲਈ ਹੈ ਅਤੇ ਸਾਰੀ ਦੀ ਸਾਰੀ ਨਹੀਂ ਹੈ। ਅਣਸੁਰੱਖਿਅਤ ਗੱਡੀ ਚਲਾਉਂਣ ਦੀਆਂ ਗਲਤੀਆਂ ਅਤੇ ਗੈਰਕਨੂੰਨੀ ਵਤੀਰਿਆਂ ਨੂੰ ਨਵੀਂ ਪ੍ਰੀਖਿਆ ਵਿੱਚ ਗੰਭੀਰਤਾ ਨਾਲ ਲਿਆ ਜਾਂਦਾ ਹੈ ਅਤੇ ਇੱਕ ਚੰਗੀ ਤਰ੍ਹਾਂ ਤਿਆਰੀ ਕੀਤੇ ਸਿਖਿਆਰਥੀ ਲਈ ਪ੍ਰੀਖਿਆ ਵਿੱਚ ਫ਼ੇਲ ਹੋਣਾ ਸੰਭਵ ਹੈ ਜੇ ਉਹ ਪ੍ਰੀਖਿਆ ਦੁਰਾਨ ਲੋੜੀਂਦੇ ਸੁਰੱਖਿਅਤ, ਗੱਡੀ ਚਲਾਉਂਣ ਦੇ ਕਨੂੰਨੀ ਵਤੀਰੇ ਨੂੰ ਪ੍ਰਦਰਸ਼ਿਤ ਕਰਨ ਵਿੱਚ ਅਯੋਗ ਹੁੰਦੇ ਹਨ। ਤੁਹਾਨੂੰ ਇਹ ਵੀ ਯਕੀਨੀ ਬਨਾਉਣਾ ਚਾਹੀਦਾ ਹੈ ਕਿ ਤੁਸੀਂ ਵਿੱਕਰੋਡਜ਼ ਦੀ **ਗਾਈਡ ਫਾਰ ਲਰਨਰਜ਼**, ਜਿਹੜੀ ਕਿ **ਲਰਨਰ ਕਿੱਟ** ਦਾ ਹਿੱਸਾ ਹੈ, ਵਿੱਚ ਸਾਰੇ ਟੀਚਿਆਂ ਤੇ ਸਹੀ ਦਾ ਨਿਸ਼ਾਨ ਲਾ ਸਕਦੇ ਹੋ।

## ਤੁਸੀਂ ਨਵੀਂ ਪ੍ਰੀਖਿਆ ਦੇਣ ਲਈ ਤਿਆਰ ਹੋ ਜੇ:

- ☐ ਤੁਹਾਡੇ ਕੋਲ ਸੜਕ ਉੱਤੇ ਵਿਭਿੰਨ ਪ੍ਰਕਾਰ ਦੀਆਂ ਆਵਾਜਾਈ, ਸੜਕ ਅਤੇ ਗੱਡੀ ਚਲਾਉਂਣ ਦੀਆਂ ਹਾਲਤਾਂ ਦਾ ਘੱਟੋ ਘੱਟ 120 ਘੰਟਿਆਂ ਦਾ ਤਜਰਬਾ ਹੈ, ਜਿਸ ਵਿੱਚ ਰਾਤ, ਗਿੱਲੀ ਅਤੇ ਵੱਧ ਗਤੀ ਵਾਲੀਆਂ ਸੜਕਾਂ ਦਾ ਵੀ 10 ਘੰਟੇ ਦਾ ਤਜਰਬਾ ਸ਼ਾਮਲ ਹੈ।
- ☐ ਤੁਸੀਂ ਦਿਨ ਪ੍ਰਤੀ ਦਿਨ ਗੱਡੀ ਚਲਾਉਂਣ ਦੇ ਕੰਮ ਨੂੰ ਵਿਭਿੰਨ ਪ੍ਰਕਾਰ ਦੀਆਂ ਸੜਕਾਂ ਜਿਵੇਂ ਰੁਝੇਵੇਂ ਵਾਲੀਆਂ ਸੜਕਾਂ, ਬਹੁਗਲੀ ਸੜਕਾਂ ਅਤੇ ਵਿਭਿੰਨ ਗਤੀ ਵਾਲੇ ਹਿੱਸੇ ਵਾਲੀਆਂ ਸੜਕਾਂ ਅਤੇ ਆਵਾਜਾਈ ਦੀਆਂ ਹੋਰ ਹਾਲਤਾਂ ਵਿੱਚ ਕਰ ਸਕਦੇ ਹੋ।
- ☐ ਤੁਸੀਂ ਦਿਨ ਪ੍ਰਤੀ ਦਿਨ ਸੁਰੱਖਿਅਤ ਗੱਡੀ ਚਲਾਉਂਣ ਦੇ ਕੰਮ ਨੂੰ ਕਿਸੇ ਨਿਗਰਾਨ ਚਾਲਕ ਜਾਂ ਅਧਿਆਪਕ ਦੀ ਸਹਾਇਤਾ ਤੋਂ ਬਿਨਾਂ ਕਰ ਸਕਦੇ ਹੋ। ਭਾਵ ਕਿ ਤੁਸੀਂ ਆਜ਼ਾਦ ਤੌਰ ਤੇ ਗੱਡੀ ਚਲਾ ਸਕਦੇ ਹੋ ਅਤੇ ਆਪਣੇ ਸੁਰੱਖਿਅਤ ਗੱਡੀ ਚਲਾਉਂਣ ਦੇ ਫੈਸਲੇ ਕਰ ਸਕਦੇ ਹੋ।

## ਤੁਸੀਂ ਵਿਭਿੰਨ ਆਵਾਜਾਈ ਹਾਲਤਾਂ ਵਿੱਚ ਗੱਡੀ ਚਲਾਉਂਦੇ ਹੋਏ ਹੇਠਾਂ ਦਿੱਤੇ ਸੁਰੱਖਿਅਤ ਗੱਡੀ ਚਲਾਉਂਣ ਦੇ ਵਤੀਰਿਆਂ ਦਾ ਇਕਸਾਰ ਪ੍ਰਦਰਸ਼ਨ ਕਰਦੇ ਹੋ:

- ☐ ਧਿਆਨ ਪੂਰਬਕ ਵੇਖਣਾ – ਤੁਸੀਂ ਮੋਢਿਆਂ ਉੱਤੋਂ ਦੇਖਕੇ ਅਤੇ ਸ਼ੀਸ਼ਿਆਂ ਦੀ ਵਰਤੋਂ ਕਰਕੇ ਅਤੇ ਨਾਲ ਦੀ ਨਾਲ ਆਪਣੀ ਕਾਰ ਦੇ ਸਾਹਮਣੇ ਦੇਖਦੇ ਹੋਏ, ਦੂਜੇ ਸੜਕ ਵਰਤਣ ਵਾਲਿਆਂ ਦੀ ਅਤੇ ਸੜਕੀ ਹਾਲਤਾਂ ਦੀ ਹਰ ਵੇਲੇ ਜਾਣਕਾਰੀ ਰੱਖਦੇ ਹੋ ਅਤੇ ਘੱਟ ਗਤੀ ਦੇ ਪੈਂਤਰੇ ਕਰਦੇ ਹੋਏ ਆਪਣੀ ਕਾਰ ਦੇ ਪਿੱਛੇ ਧਿਆਨ ਰੱਖਦੇ ਹੋ।
- ☐ ਇਸ਼ਾਰੇ ਦੀ ਵਰਤੋਂ – ਤੁਸੀਂ ਸਹੀ ਇਸ਼ਾਰੇ ਦਾ ਇਸਤੇਮਾਲ ਕਰਕੇ ਬਾਕੀ ਸੜਕ ਵਰਤਣ ਵਾਲਿਆਂ ਨਾਲ ਆਪਣੇ ਇਰਾਦੇ ਦਾ ਸੰਚਾਰ ਕਰਦੇ ਹੋ।
- ☐ ਫਾਸਲੇ ਦੀ ਚੋਣ – ਤੁਸੀਂ ਆਵਾਜਾਈ ਵਿੱਚ ਦਾਖਲ ਹੋਣ ਵੇਲੇ ਪਹਿਲੇ ਸੁਰੱਖਿਅਤ ਫਾਸਲੇ ਦੀ ਚੋਣ ਕਰਦੇ ਹੋ।
- ☐ ਗਤੀ ਦੀ ਚੋਣ – ਤੁਸੀਂ ਹਮੇਸ਼ਾ ਗਤੀ ਸੀਮਾਂ ਦੇ ਅੰਦਰ ਗੱਡੀ ਚਲਾਉਂਦੇ ਹੋ ਪਰ ਬਹੁਤ ਹੌਲੀ ਨਹੀਂ – ਭਾਵ ਤੁਸੀਂ ਆਵਾਜਾਈ ਅਤੇ ਸੜਕ ਦੀਆਂ ਹਾਲਤਾਂ ਦੇ ਆਧਾਰ ਤੇ ਸੁਰੱਖਿਅਤ ਅਤੇ ਸੁਯੋਗ ਗਤੀ ਦੀ ਚੋਣ ਕਰਦੇ ਹੋ।
- ☐ ਪਿਛਲੱਗ ਫਾਸਲਾ – ਤੁਸੀਂ ਆਪਣੀ ਕਾਰ ਦੇ ਅੱਗੇ ਹਮੇਸ਼ਾ ਇੱਕ ਸੁਰੱਖਿਅਤ ਫਾਸਲਾ ਛੱਡਦੇ ਹੋ।
- ☐ ਪਾਸੇ ਦੀ ਸਥਿਤੀ – ਤੁਸੀਂ ਗੱਡੀ ਚਲਾਉਂਣ ਲਈ ਆਪਣੀ ਸੁਰੱਖਿਅਤ ਗਲੀ ਦੀ ਚੋਣ ਕਰਦੇ ਹੋ, ਰਸਤੇ ਤੇ ਇੱਕਸਾਰ ਗੱਡੀ ਚਲਾਉਂਦੇ ਹੋ ਅਤੇ ਹਮੇਸ਼ਾ ਆਪਣੀ ਗਲੀ ਵਿੱਚ ਰਹਿੰਦੇ ਹੋ।
- ☐ ਠਹਿਰਾਉ ਦੀ ਜਗਾਹ – ਤੁਸੀਂ ਆਪਣੀ ਕਾਰ ਨੂੰ ਰੁਕਣ ਵਾਲੇ ਇਸ਼ਾਰਿਆਂ, ਆਵਾਜਾਈ ਦੇ ਇਸ਼ਾਰਿਆਂ ਅਤੇ ਪੈਦਲ ਚੱਲਣ ਵਾਲਿਆਂ ਦੇ ਚੁਰਾਹੇ ਤੇ ਪੂਰੀ ਤਰ੍ਹਾਂ ਸਹੀ ਜਗਾਹ ਤੇ ਰੁਕਦੇ ਹੋ।
- ☐ ਕਾਬੂ – ਤੁਸੀਂ ਹਰ ਸਮੇਂ ਕਾਰ ਨੂੰ ਪੂਰੇ ਕਾਬੂ ਵਿੱਚ ਰੱਖਦੇ ਹੋ ਅਤੇ ਇੱਕਸਾਰ ਗੱਡੀ ਚਲਾ ਸਕਦੇ ਹੋ।

## ਤੁਸੀਂ ਹੇਠਾਂ ਦਿੱਤੀਆਂ ਕਿਰਿਆਵਾਂ ਨੂੰ ਵਿਭਿੰਨ ਆਵਾਜਾਈ ਹਾਲਤਾਂ ਵਿੱਚ ਸੁਰੱਖਿਅਤ ਅਤੇ ਕਨੂੰਨੀ ਢੰਗ ਨਾਲ ਕਰ ਸਕਦੇ ਹੋ:

- [ ] ਵਿਭਿੰਨ ਪ੍ਰਕਾਰ ਦੇ ਚੁਰਾਹਿਆਂ ਤੇ ਸੱਜੇ ਅਤੇ ਖੱਬੇ ਮੁੜਨਾ
- [ ] ਖੱਬੇ ਅਤੇ ਸੱਜੇ ਗਲੀ ਬਦਲਨਾ
- [ ] ਬਾਕੀ ਆਵਾਜਾਈ ਵਿੱਚ ਦਾਖਲ ਹੋਣਾ
- [ ] ਪਿੱਛੇ ਮੁੜਦੇ ਸਮਾਂਤਰ ਗੱਡੀ ਖੜਾਉਂਣਾ ਅਤੇ ਤਿੰਨ ਸਿਰਾ ਮੋੜਾ
- [ ] ਵੱਖ ਵੱਖ ਆਵਾਜਾਈ ਹਾਲਤਾਂ ਵਿੱਚ ਸਿੱਧੀ ਅਤੇ ਗੁਲਾਈਦਾਰ ਸੜਕ ਵਿੱਚ ਗੱਡੀ ਚਲਾਉਂਣਾ

## ਤੁਸੀਂ ਆਵਾਜਾਈ ਅਤੇ ਸੜਕ ਦੀਆਂ ਵਿਭਿੰਨ ਹਾਲਤਾਂ ਵਿੱਚ, ਕੋਈ ਗੰਭੀਰ ਸੁਰੱਖਿਆ ਗਲਤੀ ਕੀਤੇ ਬਿਨਾਂ ਗੱਡੀ ਚਲਾ ਸਕਦੇ ਹੋ ਜਿਵੇਂ ਕਿ:

- [ ] ਗੱਡੀ ਚਲਾਉਂਦੇ ਹੋਏ ਸੜਕ ਦੀ ਵੱਟੀ ਨਾਲ ਟਕਰਾਉਂਣਾ
- [ ] ਦੂਜੀਆਂ ਕਾਰਾਂ ਅਤੇ ਸੜਕ ਵਰਤਣ ਵਾਲਿਆਂ ਨਾਲ ਲੱਗਪੱਗ ਟਕਰਾ ਤੋਂ ਬਚਣਾ
- [ ] ਕਿਸੇ ਵੀ ਸਮੇਂ ਗਤੀ ਸੀਮਾ ਨੂੰ ਪਾਰ ਕਰਨਾ
- [ ] ਇਸ਼ਾਰਾ, ਧਿਆਨ ਨਾਲ ਦੇਖਣ ਅਤੇ ਰਾਹ ਦੇਣ ਤੋਂ ਅਸਫਲ ਰਹਿਣ ਤੇ ਬਾਕੀ ਸੜਕ ਵਰਤਣ ਵਾਲਿਆਂ ਨੂੰ ਟਕਰਾਅ ਰੋਕਣ ਲਈ ਕਾਰਨ ਬਣਨਾ
- [ ] ਠਹਿਰੋ ਦੇ ਨਿਸ਼ਾਨ ਜਾਂ ਆਵਾਜਾਈ ਵਾਲੀ ਲਾਲ ਬੱਤੀ ਵਿੱਚੋਂ ਗੱਡੀ ਲੰਘਾਉਂਣਾ
- [ ] ਅਣਸੁਰੱਖਿਅਤ ਦਸ਼ਾ ਵਿੱਚ ਕਾਰ ਰੋਕਣਾ
- [ ] ਸਥਿਤੀ ਲਈ ਬਹੁਤ ਹੌਲੀ ਗੱਡੀ ਚਲਾਉਂਣਾ
- [ ] ਦੇਖਣ ਜਾਂ ਇਸ਼ਾਰਾ ਦੇਣ ਤੋਂ ਅਸਫਲ ਹੋਣਾ
- [ ] ਪੈਦਲ ਚੱਲਣ ਵਾਲਿਆਂ ਦਾ ਚੌਰਾਹਾ ਰੋਕਣਾ
- [ ] ਗੱਡੀ ਖੜੀ ਕਰਦੇ ਸਮੇਂ ਜਾਂ ਗੱਡੀ ਖੜੀ ਕਰਨ ਵਾਲੀ ਥਾਂ ਛੱਡਦੇ ਸਮੇਂ ਪਹੀਏ ਨੂੰ ਵੱਟੀ ਉਪਰ ਚੜਾਉਂਣਾ
- [ ] ਠਹਿਰੋ ਦੇ ਨਿਸ਼ਾਨ ਤੇ ਸਹੀ ਜਗ੍ਹ ਤੇ ਪੂਰੀ ਤਰ੍ਹਾਂ ਰੁਕਣ ਵਿੱਚ ਅਸਫਲ ਹੋਣਾ

ਇੱਕ ਗੰਭੀਰ ਸੁਰੱਖਿਆ ਗਲਤੀ ਇੱਕ ਦੱਮ ਪ੍ਰੀਖਿਆ ਦਾ ਖਾਤਮਾ ਅਤੇ ਫੇਲ੍ਹ ਅੰਕਤ ਕਰਵਾ ਸਕਦੀ ਹੈ

ਨੋਟ: ਇਹ ਸੂਚੀ ਸਾਰੀ ਦੀ ਸਾਰੀ ਨਹੀਂ ਹੈ। ਗੱਡੀ ਚਲਾਉਂਣ ਦੀ ਨਵੀਂ ਪ੍ਰੀਖਿਆ ਵਾਰੇ ਹੋਰ ਜਾਣਕਾਰੀ ਲਈ **What you need to know about your Drive Test** ਕਿਤਾਬਚਾ ਅਤੇ GLS ਦੀ www.gls.arrivealive.vic.gov.au ਤੇ ਵੈੱਬ ਸਾਈਟ ਵਾਚਣੀ ਚਾਹੀਦਾ ਹੈ

**Guide for learners** ਅਤੇ **Guide for Supervising Drivers** ਦੀ ਕਾਪੀ www.vicroads.vic.gov.au ਤੋਂ ਉਤਾਰੀ ਜਾ ਸਕਦੀ ਹੈ

VRPIN02072 9.08